BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦਾ ਇਨੋਵੇਸ਼ਨ ਡਿਸਟ੍ਰਿਕਟ, ਆਰਥਿਕ ਬਹਾਲੀ ਵਿੱਚ ਵਾਧਾ ਕਰੇਗਾ

ਬ੍ਰੈਂਪਟਨ, ਓਨਟੈਰੀਓ (4 ਸਤੰਬਰ, 2020) – ਸਿਟੀ ਆਫ ਬ੍ਰੈਂਪਟਨ, ਗਤੀਸ਼ੀਲ ਸਟਾਰਟਅਪ ਭਾਈਚਾਰੇ ਵਿੱਚ ਵਾਧਾ ਕਰਨ, ਲੋਕਲ ਪ੍ਰਤਿਭਾਵਾਂ ਨੂੰ ਵਿਕਸਿਤ ਕਰਨ ਅਤੇ ਐਂਟਰਪ੍ਰੀਨੀਅਰਾਂ ਨੂੰ ਸਹਿਯੋਗ ਦੇਣ ਲਈ, ਡਾਊਨਟਾਊਨ ਬ੍ਰੈਂਪਟਨ ਦੇ ਕੇਂਦਰ ਵਿੱਚ, ਇਨੋਵੇਸ਼ਨ ਡਿਸਟ੍ਰਿਕਟ (Innovation District) ਬਣਾ ਰਹੀ ਹੈ।

ਅਗਲੇ ਬੁੱਧਵਾਰ, ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ, ਨਵੇਂ ਰਾਇਰਸਨ ਵੈਂਚਰ ਜ਼ੋਨ (Ryerson Venture Zone) ਦੀ ਅਧਿਕਾਰਕ ਸ਼ੁਰੂਆਤ ਹੋਵੇਗੀ। ਇਹ ਨਵਾਂ ਇਨਕਿਉਬੇਟਰ, ਬ੍ਰੈਂਪਟਨ ਵਿੱਚ ਨਵੇਂ ਕਾਰੋਬਾਰਾਂ ਦਾ ਨਿਰਮਾਣ ਕਰਨ ਅਤੇ ਉਹਨਾਂ ਵਿੱਚ ਵਾਧਾ ਕਰਨ, ਉੱਚ-ਕੁਸ਼ਲਤਾ ਵਾਲੀਆਂ ਨੌਕਰੀਆਂ ਪੈਦਾ ਕਰਨ ਅਤੇ ਵਿੱਚ ਨੌਕਰੀ ਕਰਨ ਵਾਲੀਆਂ ਪ੍ਰਤਿਭਾਵਾਂ ਨੂੰ ਵਿਕਸਿਤ ਕਰਨ ਵਿੱਚ ਮਦਦ ਲਈ ਸਮਰਪਿਤ ਹੈ।

ਇਨੋਵੇਸ਼ਨ ਡਿਸਟ੍ਰਿਕਟ, ਸਿਟੀ ਦੀ ਕੋਵਿਡ-19 (COVID-19) ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਵਿੱਚ ਮੁੱਖ ਪਹਿਲਕਦਮੀ ਹੈ। ਇਹ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ, ਵਿਕਸਿਤ ਹੋਣਾ ਜਾਰੀ ਰੱਖੇਗੀ।

**ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲ**

ਰਾਇਰਸਨ ਵੈਂਚਰ ਜ਼ੋਨ (Ryerson Venture Zone) ਦੇ ਇਲਾਵਾ, ਐਂਟਰਪ੍ਰੀਨੀਅਰ ਸਬੰਧੀ, ਕਾਰੋਬਾਰ ਇਨਕਿਉਬੇਸ਼ਨ ਅਤੇ ਵਿਕਸਿਤ ਹੋਣ ਵਾਲੀਆਂ ਕੁਝ ਥਾਵਾਂ, ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਨਾਲ ਜੁੜੀਆਂ ਹਨ, ਇਹਨਾਂ ਵਿੱਚ ਸ਼ਾਮਲ ਹਨ:

- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (ਬੀ.ਈ.ਸੀ.) (Brampton Entrepreneur Centre) (BEC) ਕੋ-ਵਰਕਿੰਗ ਥਾਂ ਅਤੇ ਛੋਟੇ ਕਾਰੋਬਾਰ ਸਬੰਧੀ ਵਸੀਲੇ - 4,500 ਵਰਗ ਫ਼ੁੱਟ ਸਟੋਰਫ੍ਰੰਟ ਵਰਗੀ ਵੱਡੀ ਥਾਂ ਵਿੱਚ ਸਥਿਤ, ਇਹ ਕੋ-ਵਰਕਿੰਗ ਥਾਂ, ਰਚਨਾਤਮਕਤਾ ਅਤੇ ਉਤਪਾਦਕਤਾ ਨੂੰ ਵਧਾਉਣ ਲਈ ਤਿਆਰ ਕੀਤੀ ਗਈ ਹੈ। ਬੀ.ਈ.ਸੀ. (BEC), ਵਾਰ-ਵਾਰ ਹੋਣ ਵਾਲੇ ਸੈਮੀਨਾਰਾਂ ਦਾ ਆਯੋਜਨ ਕਰਦਾ ਹੈ ਅਤੇ ਲੋਕਲ ਐਂਟਰਪ੍ਰੀਨੀਅਰਾਂ ਅਤੇ ਇਨੋਵੇਟਰਾਂ ਲਈ ਸਲਾਹਕਾਰਾਂ ਦੇ ਨਾਲ, ਮੁਫ਼ਤ ਬਿਜਨੇਸ ਪਲਾਨ ਸਮੀਖਿਆਵਾਂ ਅਤੇ ਮਸ਼ਵਰਿਆਂ ਦੀ ਪੇਸ਼ਕਸ਼ ਕਰਦਾ ਹੈ।

- ਕੈਟਾਲਿਸਟ ਸਾਈਬਰ ਗਤੀਵਰਧਕ (ਰੋਜਰਸ ਸਾਈਬਰਸਿਕਿਓਰ ਕੈਟਾਲਿਸਟ ਅਤੇ ਰਾਇਰਸਨ ਡੀ.ਐਮ.ਜੈਡ. ਦੀ ਅਗਵਾਨੀ ਵਿੱਚ) – ਇਹ ਗਤੀਵਰਧਕ, ਛੋਟੀਆਂ ਕੰਪਨੀਆਂ ਅਤੇ ਆਪਣੇ ਕਾਰੋਬਾਰ ਨੂੰ ਵਧਾਉਣ ਵਾਲੀਆਂ ਕੰਪਨੀਆਂ ਲਈ, ਕੈਨੇਡਾ ਦਾ ਪਹਿਲਾ ਸਾਈਬਰਸਿਕਿਓਰਟੀ (Cybersecurity) ਗਤੀਵਰਧਕ ਹੈ। ਇਹ ਗਤੀਵਰਧਕ, ਰੋਜਰਸ ਸਾਈਬਰ ਸਿਕਿਓਰ ਕੈਟਾਲਿਸਟ (Rogers Cyber Secure Catalyst) (ਕੈਨੇਡਾ ਦੀ ਪਹਿਲੀ ਸਾਈਬਰ ਰੇਂਜ (Cyber Range), ਸਾਈਬਰਸਿਕਿਓਰਟੀ ਟ੍ਰੇਨਿੰਗ ਅਤੇ ਰਿਸਰਚ ਅਤੇ ਡੈਵਲੈਪਮੈਂਟ ਸਮੇਤ) ਦੇ ਹੋਰ ਆਧਾਰਾਂ ਨਾਲ ਮਿਲ ਕੇ, ਬ੍ਰੈਂਪਟਨ ਨੂੰ, ਸਾਈਬਰਸਿਕਿਓਰਿਟੀ ਲਈ ਕੈਨੇਡਾ ਦਾ ਕੇਂਦਰ (ਹਬ) ਬਣਨ ਦੀ ਸਥਿਤੀ ਵਿੱਚ ਲਿਆਉਂਦਾ ਹੈ।

- ਰਿਸਰਚ ਇਨੋਵੇਸ਼ਨ ਕਮਰਸ਼ਿਅਲਾਈਜ਼ੇਸ਼ਨ (ਆਰ.ਆਈ.ਸੀ.) ਸੈਂਟਰ (Research Innovation Commercialization (RIC) Centre) – ਇੱਕ ਖਾਸ ਬਿਜਨੇਸ ਇਨਕਿਉਬੇਸ਼ਨ ਅਤੇ ਗਤੀਵਰਧਕ ਥਾਂ, ਆਰ.ਆਈ.ਸੀ. ਸੈਂਟਰ (RIC Centre), ਛੋਟੇ ਕਾਰੋਬਾਰੀਆਂ ਦੀ, ਅੱਗੇ ਵਧਣ ਵਿੱਚ ਅਤੇ ਆਪਣੇ ਕਾਰੋਬਾਰ ਨੂੰ ਅਗਲੇ ਪੱਧਰ ਤੱਕ ਲਿਜਾਣ ਵਿੱਚ, ਉਹਨਾਂ ਦੀ ਮਦਦ ਕਰਦਾ ਹੈ। ਆਰ.ਆਈ.ਸੀ. ਸੈਂਟਰ, ਤਕਨੀਕੀ ਕੰਪਨੀਆਂ ਲਈ ਗਤੀਸ਼ੀਲ ਸਰੋਤ ਹੈ। ਇਸ ਵਿੱਚ ਇੰਟਰਨੈਟ ਆਫ ਥਿੰਗਸ (Internet of Things), ਕਲੀਨਟੈਕ (CleanTech) ਅਤੇ ਐਡਵਾਂਸਡ ਮੈਨਯੁਫੈਕਚਰਿੰਗ (Advanced Manufacturing) ਦੇ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਕੰਪਨੀਆਂ ਲਈ ਖਾਸ ਸਰੋਤ ਹਨ।

- ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਅਤੇ ਡਾਊਨਟਾਊਨ ਬ੍ਰੈਂਪਟਨ ਬਿਜਨੇਸ ਇੰਪਰੂਵਮੈਂਟ ਏਰੀਆ (ਬੀ.ਆਈ.ਏ.) (Downtown Brampton Business Improvement Area) (BIA) ਵੀ, ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਵਿੱਚ ਮੁੱਖ ਭਾਈਵਾਲ ਹਨ।

ਇਸ ਸਾਲ ਦੇ ਅੰਤ ਵਿੱਚ, ਹੋਰ ਭਾਈਵਾਲਾਂ ਦੇ ਇਨੋਵੇਸ਼ਨ ਡਿਸਟ੍ਰਿਕਟ ਨਾਲ ਜੁੜਨ ਦੀ ਸੰਭਾਵਨਾ ਹੈ।

**ਪ੍ਰਤਿਭਾ ਸਬੰਧੀ ਵਿਕਾਸ**

ਇਨੋਵੇਸ਼ਨ ਡਿਸਟ੍ਰਿਕਟ, ਗ੍ਰੇਟਰ ਟੋਰੋਂਟੋ ਏਰੀਆ (ਜੀ.ਟੀ.ਏ.) (Greater Toronto Area) (GTA) ਦੇ ਆਲੇ-ਦੁਆਲੇ ਦੇ ਪ੍ਰਤਿਭਾਵਾਨ ਵਿਅਕਤੀਆਂ ਨੂੰ, ਵਾਧੂ ਕੁਸ਼ਲਤਾਵਾਂ ਪ੍ਰਦਾਨ ਕਰਨ ਜਾਂ ਨਵੀਆਂ ਕੁਸ਼ਲਤਾਵਾਂ ਸਿਖਾਉਣ ਲਈ, ਸਿੱਖਿਆ ਅਤੇ ਟ੍ਰੇਨਿੰਗ ਦੇ ਮੌਕੇ ਵੀ ਪੇਸ਼ ਕਰਦਾ ਹੈ। ਰਾਇਰਸਨ ਯੂਨੀਵਰਸਿਟੀ ਚੈਂਗ ਸਕੂਲ ਆਫ ਕੰਟੀਨਿਊਇੰਗ ਐਜੂਕੇਸ਼ਨ (Ryerson University Chang School of Continuing Education) ਅਤੇ ਰੋਜਰਸ ਸਾਈਬਰਸਿਕਿਓਰ ਕੈਟਾਲਿਸਟ ਤੋਂ ਲੈ ਕੇ, ਸ਼ੈਰੀਡਨ ਕਾਲੇਜ (Sheridan College) ਅਤੇ ਅਲਗੋਮਾ ਯੂਨੀਵਰਸਿਟੀ (Algoma University) ਤੱਕ, ਇਨੋਵੇਸ਼ਨ ਡਿਸਟ੍ਰਿਕਟ, ਪ੍ਰਤਿਭਾ ਸਬੰਧੀ ਵਿਕਾਸ ਲਈ ਵਿਕਾਸਸ਼ੀਲ ਕੇਂਦਰ ਹੈ।

**ਇਕੋਨੋਮਿਕ ਰਿਕਵਰੀ ਸਟ੍ਰੈਟਜੀ (ਅਰਥਚਾਰੇ ਨੂੰ ਬਹਾਲ ਕਰਨ ਦੀ ਰਣਨੀਤੀ)**

13 ਮਈ ਨੂੰ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਲੋਕਲ ਅਰਥਚਾਰੇ ਨੂੰ ਮੁੜ ਬਹਾਲ ਕਰਨ ਵੱਲ ਅੱਗੇ ਵਧਣ ਵਾਸਤੇ, ਬ੍ਰੈਂਪਟਨ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Brampton's Economic Recovery Strategy) ਨੂੰ ਮਨਜ਼ੂਰੀ ਦਿੱਤੀ ਸੀ। ਇਸ ਰਣਨੀਤੀ ਦਾ ਉਦੇਸ਼, ਇਸ ਦੀਆਂ ਚਾਰ ਜ਼ਰੂਰੀ ਚੀਜ਼ਾਂ: ਨਵੀਨਤਾ, ਟੈਕਨੋਲੋਜੀ ਅਤੇ ਐਂਟਰਪ੍ਰੀਨੀਅਰਸ਼ਿਪ, ਨਿਵੇਸ਼, ਇੰਫਰਾਸਟ੍ਰਕਟਰ ਅਤੇ ਕਲਾ, ਸੱਭਿਆਚਾਰ ਅਤੇ ਟੂਰਿਜ਼ਮ ਦੇ ਮੁਤਾਬਕ, ਤੁਰੰਤ ਅਤੇ ਲੰਮੀ-ਮਿਆਦ ਦੀਆਂ ਕਾਰਵਾਈਆਂ ਨੂੰ ਅੱਗੇ ਵਧਾ ਕੇ, ਬ੍ਰੈਂਪਟਨ ਦੇ ਅਰਥਚਾਰੇ ਨੂੰ ਤੇਜ਼ੀ ਨਾਲ ਬਹਾਲ ਕਰਨ ਵਾਸਤੇ, ਇਸਨੂੰ ਮੁਸ਼ਕਲਾਂ ਤੋਂ ਬਾਹਰ ਕੱਢਣਾ ਅਤੇ ਬੇਹਤਰ ਸਥਿਤੀ ਵਿੱਚ ਲਿਆਉਣਾ ਹੈ।

**ਹਵਾਲੇ**

"ਬ੍ਰੈਂਪਟਨ, ਸਾਡੇ ਸ਼ਹਿਰ ਵਿੱਚ ਮਜ਼ਬੂਤ ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ ਦੇ ਕੇਂਦਰ ਵਿਖੇ ਸਾਡੀ ਥਾਂ ਸਾਨੂੰ, ਨਵੇਂ ਨਿਵੇਸ਼ ਲਈ ਆਦਰਸ਼ ਥਾਂ ਦੀ ਸਥਿਤੀ ਵਿੱਚ ਲਿਆਉਂਦੀ ਹੈ। ਜਿਵੇਂ-ਜਿਵੇਂ ਸਾਡਾ ਇਨੋਵੇਸ਼ਨ ਡਿਸਟ੍ਰਿਕਟ ਪੁਰਾਣਾ ਹੁੰਦਾ ਜਾਵੇਗਾ, ਅਸੀਂ ਕਾਰੋਬਾਰੀਆਂ ਨੂੰ ਉਹਨਾਂ ਦੇ ਸਫ਼ਰ ਦੇ ਹਰੇਕ ਪੜਾਅ ਤੇ ਸਹਿਯੋਗ ਪ੍ਰਦਾਨ ਕਰਨ ਦੇ ਯੋਗ ਹੁੰਦੇ ਜਾਵਾਂਗੇ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਇਨੋਵੇਸ਼ਨ ਡਿਸਟ੍ਰਿਕਟ ਦਾ ਲਗਾਤਾਰ ਵਿਕਾਸ, ਸਾਡੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਵਿੱਚ ਮੁੱਖ ਕਾਰਵਾਈ ਹੈ ਅਤੇ ਰਾਇਰਸਨ ਵੈਂਚਰ ਜ਼ੋਨ, ਸਾਡੇ ਵਿਕਾਸਸ਼ੀਲ ਡਿਸਟ੍ਰਿਕਟ ਵਿੱਚ ਮੁੱਖ ਵਾਧਾ ਹੈ। ਜਿਵੇਂ-ਜਿਵੇਂ ਅਸੀਂ ਸਾਡੇ ਸ਼ਹਿਰ ਨੂੰ, ਕੋਵਿਡ-19 ਮਹਾਂਮਾਰੀ ਤੋਂ ਬਾਹਰ ਲਿਆਉਣ ਵਿੱਚ ਅੱਗੇ ਵਧਾ ਰਹੇ ਹਾਂ, ਅਸੀਂ ਸਾਡੇ ਇਨੋਵੇਸ਼ਨ ਈਕੋਸਿਸਟਮ ਨੂੰ ਅੱਗੇ ਵਧਾਉਣ ਅਤੇ ਸਭ ਤੋਂ ਵਧੀਆ ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਲਈ ਵਚਨਬੱਧ ਹਾਂ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ; ਕੋ-ਚੇਅਰ, ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਜਿਵੇਂ-ਜਿਵੇਂ ਅਸੀਂ ਇਸ ਮਹਾਂਮਾਰੀ ਤੋਂ ਬਾਹਰ ਆਉਂਦੇ ਹੋਏ, ਸਾਡੇ ਲੋਕਲ ਅਰਥਚਾਰੇ ਨੂੰ ਮੁੜ ਸ਼ੁਰੂ ਕਰ ਰਹੇ ਹਾਂ, ਅਸੀਂ ਐਂਟਰਪ੍ਰੀਨੀਅਰਾਂ ਅਤੇ ਸੰਭਾਵੀ ਨਿਵੇਸ਼ਕਾਂ ਦਾ, ਸਾਡੇ ਵਿਕਾਸਸ਼ੀਲ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਜੁੜਨ ਲਈ ਸੁਆਗਤ ਕਰਦੇ ਹਾਂ। ਇਸਦੇ ਕਈ ਕਾਰਨ ਹਨ ਕਿ ਬ੍ਰੈਂਪਟਨ, ਕਾਰੋਬਾਰ ਸਥਾਪਤ ਕਰਨ ਲਈ ਆਦਰਸ਼ ਥਾਂ ਕਿਉਂ ਹੈ। ਅਸੀਂ, ਸਟੇਕਹੋਲਡਰਾਂ ਦੇ ਸਾਡੇ ਨਾਲ ਜੁੜਨ ਲਈ, ਉਹਨਾਂ ਦੇ ਨਾਲ ਭਾਗੀਦਾਰੀ ਕਰਨ ਅਤੇ ਗਤੀ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਹਾਂ।"

- *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਕੋ-ਚੇਅਰ, ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

“ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ ਦੇ ਵਿਚਾਲੇ ਸਾਡੀ ਮੁੱਖ ਥਾਂ ਦੇ ਨਾਲ, ਬ੍ਰੈਂਪਟਨ, ਨਵੀਨਤਾ ਵਿੱਚ ਗਲੋਬਲ ਲੀਡਰ ਬਣਨ ਦੇ ਟੀਚੇ ਨਾਲ, ਆਪਣੇ ਇਨੋਵੇਸ਼ਨ ਈਕੋਸਿਸਟਮ ਵਿੱਚ ਵਾਧਾ ਕਰ ਰਿਹਾ ਹੈ। ਸਾਡਾ ਸਟਾਫ਼ ਭਾਈਵਾਲੀਆਂ ਕਰਨ ਅਤੇ ਬ੍ਰੈਂਪਟਨ ਨੂੰ, ਐਂਟਰਪ੍ਰੀਨੀਅਰਾਂ ਅਤੇ ਕਾਰੋਬਾਰੀਆਂ ਲਈ, ਸਰਬੋਤਮ ਥਾਂ ਬਣਾਉਣ ਲਈ, ਜ਼ਰੂਰੀ ਸਥਿਤੀਆਂ ਸਥਾਪਤ ਕਰਨ ਲਈ ਵਚਨਬੱਧ ਹੈ।”

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca